# ਦਫਤਰ ਨਗਰ ਕੌਂਸਲ ਮੋਰਿੰਡਾ, ਜਿਲ੍ਹਾ ਰੂਪਨਗਰ।

ਪੱਤਰ ਨੰ:- ਮਕਮ-21/5098          ਮਿਤੀ 20/8/2021

## ਪਬਲਿਕ ਨੋਟਿਸ

ਪ੍ਰਸ਼ਾਸਕ, ਨਗਰ ਕੌਂਸਲ ਮੋਰਿੰਡਾ ਵੱਲੋਂ ਆਪਣਾ ਹੁਕਮ ਨੰ: 53 ਮਿਤੀ 02/07/2021 ਦੀ ਪ੍ਰਵਾਨਗੀ ਸਬੰਧੀ ਸਰਕਾਰ ਦੇ ਪੱਤਰ ਨੰ: ਅਸ-ਡਸਸ-2021/28694 ਮਿਤੀ 23/07/2021 ਅਨੁਸਾਰ ਕਿਰਤ ਵਿਭਾਗ ਵੱਲੋਂ (ਨਿਰਧਾਰਿਤ ਰੇਟ ਡੀ.ਸੀ. ਰੇਟ) ਤੇ 84 ਸਫਾਈ ਸੇਵਕ ਨੂੰ ਕੰਟਰੈਕਟ ਤੇ ਰੱਖਿਆ ਜਾਣਾ ਹੈ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 20/09/2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿੱਚ ਬਿਨੈ ਪੱਤਰਾਂ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਉਮੀਦਵਾਰ ਮਿਤੀ 20/09/2021 ਸਮਾਂ 04.00 ਵਜੇ ਤੱਕ ਰਜਿਸਟਰਡ ਡਾਕ ਰਾਹੀਂ (ਕਾਰਜ ਸਾਧਕ ਅਫਸਰ, ਨਗਰ ਕੌਂਸਲ ਮੋਰਿੰਡਾ ਦੇ ਨਾਮ ਤੇ ਜਾਂ ਦਸਤੀ ਤੌਰ ਤੇ ਬਿਨੈ ਪੱਤਰ ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦਫਤਰ ਨਗਰ ਕੌਂਸਲ, ਮੋਰਿੰਡਾ ਵਿਖੇ ਦਫਤਰੀ ਕੰਮਕਾਜ ਵਾਲੇ ਦਿਨ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤੱਕ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰਾਂ ਤੇ ਗੌਰ ਨਹੀਂ ਕੀਤੀ ਜਾਵੇਗਾ। ਚਾਹਵਾਨ ਉਮੀਦਵਾਰ ਵਲੋਂ ਬਿਨੈ ਪੱਤਰਾਂ ਵਿੱਚ ਦਰਜ ਦਸਤਾਵੇਜਾਂ ਦੀਆਂ ਸਵੈ ਤਸਦੀਕ ਕਾਪੀਆਂ ਨਾਲ ਨੱਥੀ ਕੀਤੀਆਂ ਜਾਣ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰ ਹੇਠ ਲਿਖੀਆਂ ਸ਼ਰਤਾ ਪੂਰੀਆਂ ਕਰਦਾ ਹੋਣਾ ਚਾਹੀਦਾ ਹੈ:-

1. ਉਮੀਦਵਾਰ ਉਪਰੋਕਤ ਅਸਾਮੀ ਲਈ ਨਿਰਧਾਰਤ ਯੋਗਤਾ ਪੂਰੀ ਕਰਦਾ ਹੋਵੇ।
2. ਸਫਾਈ ਕਰਮਚਾਰੀਆਂ ਦੀ ਨਿਯੁਕਤੀ ਪੰਜਾਬ ਮਿਊਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ ਅਤੇ ਸਰਕਾਰ ਦੀ ਹਦਾਇਤਾਂ ਅਨੁਸਾਰ ਸਫਾਈ ਸੇਵਕਾਂ ਦੀਆਂ ਨਿਯੁਕਤੀਆਂ ਲਈ ਸਥਾਨਕ ਸਰਕਾਰਾਂ ਵਿਭਾਗ ਵਿੱਚ ਘੱਟ ਤੋਂ ਘੱਟ 3 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਨਿਯੁਕਤੀ ਲਈ ਘੱਟੋ-ਘੱਟ ਉਮਰ ਵਿਚ ਉਮੀਦਵਾਰ ਦੇ ਤਜਰਬੇ ਦੇ ਬਰਾਬਰ ਛੋਟ ਦਿੱਤੀ ਜਾਵੇਗੀ। ਜੋ ਉਮੀਦਵਾਰ ਪਹਿਲਾਂ ਹੀ ਨਗਰ ਕੌਂਸਲ ਮੋਰਿੰਡਾ ਵਿੱਚ ਕੰਮ ਕਰ ਰਿਹਾ ਹੈ, ਉਸਦੀ ਯੋਗਤਾ, ਜਿਸ ਮਿਤੀ ਤੋਂ ਉਮੀਦਵਾਰ ਨਗਰ ਕੌਂਸਲ ਮੋਰਿੰਡਾ ਵਿੱਚ ਕੰਮ ਕਰ ਰਿਹਾ ਹੈ, ਉਸ ਮਿਤੀ ਤੋਂ ਮਿਥੀ ਜਾਵੇਗੀ। ਇਸ ਤੋਂ ਇਲਾਵਾ ਨਿਰਧਾਰਤ ਉਮਰ ਹੱਦ ਅਨੁਸਾਰ ਭਾਵ ਉਮੀਦਵਾਰ ਦੀ ਉਮਰ ਮਿਤੀ 01/01/2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਨ੍ਹਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜ਼ਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਵਿੱਚ ਬਣਦੀ ਛੋਟ ਦਿੱਤੀ ਜਾਵੇਗੀ।
3. ਉਮੀਦਵਾਰ ਉੱਤੇ ਕੋਈ ਵੀ ਫੌਜਦਾਰੀ ਕੇਸ ਨਾ ਚੱਲ ਰਿਹਾ ਹੋਵੇ। ਇਸ ਸਬੰਧੀ ਉਮੀਦਵਾਰ ਤੋਂ ਸਵੈ-ਘੋਸ਼ਣਾ ਵੀ ਨਾਲ ਨੱਥੀ ਕੀਤਾ ਜਾਵੇ।
4. ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਵੇ।

ਸਵੈ ਤਸਦੀਕ 2
ਫੋਟੋਆਂ ਨੱਥੀ
ਕੀਤੀਆਂ ਜਾਣ।

**ਕੰਟਰੈਕਟ ਬੇਸ ਤੇ ਸਫਾਈ ਸੇਵਕ ਦੀ ਅਸਾਮੀ ਲਈ ਬਿਨੈ ਪੱਤਰ**

<table>
<tr><td>1</td><td colspan="4">ਅਸਾਮੀ ਦਾ ਨਾਮ</td><td colspan="2"></td></tr>
<tr><td>2</td><td colspan="4">ਉਮੀਦਵਾਰ ਦਾ ਨਾਮ</td><td colspan="2"></td></tr>
<tr><td>3</td><td colspan="4">ਪਿਤਾ/ਪਤੀ ਦਾ ਨਾਮ</td><td colspan="2"></td></tr>
<tr><td>4</td><td colspan="4">ਜਨਮ ਮਿਤੀ (01/01/2021 ਨੂੰ ਉਮਰ) (ਸਬੂਤ ਨੱਥੀ ਕਰੋ)<br>ਅਨਪੜ ਹੋਣ ਦੀ ਸੂਰਤ ਵਿੱਚ ਜਨਮ ਮਿਤੀ ਸਬੰਧੀ ਹਲਫੀਆ ਬਿਆਨ ਨੱਥੀ ਕਰੋ।</td><td colspan="2"></td></tr>
<tr><td>5</td><td colspan="4">ਘਰ ਦਾ ਪੱਕਾ ਪਤਾ</td><td colspan="2"></td></tr>
<tr><td>6</td><td colspan="4">ਪੱਤਰ ਵਿਹਾਰ ਲਈ ਪਤਾ</td><td colspan="2"></td></tr>
<tr><td>7</td><td colspan="4">ਟੈਲੀਫੋਨ ਨੰਬਰ/ਮੋਬਾਇਲ ਨੰਬਰ</td><td colspan="2"></td></tr>
<tr><td>8</td><td colspan="4">ਪੰਜਾਬ ਰੈਜੀਡੈਂਸ ਹੋਣ ਸਬੰਧੀ ਪੰਜਾਬ ਰੈਜ਼ੀਡੈਂਸ ਸਰਟੀਫਿਕੇਟ/ਆਧਾਰ ਕਾਰਡ/ ਵੋਟਰ ਕਾਰਡ ਜਾ ਹੋਰ ਸਰਕਾਰੀ ਦਸਤਾਵੇਜ ਦੀ ਸਵੈ ਤਸਦੀਕ ਕਾਪੀ।</td><td colspan="2"></td></tr>
<tr><td>9</td><td colspan="4">ਕੈਟਾਗਰੀ (ਰਿਜਰਵੇਸ਼ਨ ਲਈ ਸਬੰਧਤ ਕੈਟਾਗਰੀ ਦੇ ਸਰਟੀਫਿਕੇਟ ਦੀ ਸਵੈ ਤਸਦੀਕ ਕਾਪੀ)</td><td colspan="2"></td></tr>
<tr><td rowspan="3">10</td><td colspan="6">ਵਿਦਿਅਕ ਯੋਗਤਾ</td></tr>
<tr><td>ਪਾਸ ਪ੍ਰੀਖਿਆ ਦਾ ਨਾਮ</td><td>ਬੋਰਡ/ਯੂਨਵਰਸਿਟੀ</td><td>ਪ੍ਰੀਖਿਆ ਪਾਸ ਕਰਨ ਦਾ ਸਾਲ</td><td>ਕੁੱਲ ਅੰਕ</td><td>ਪ੍ਰਾਪਤ ਕੀਤੇ ਅੰਕ</td><td>ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤਤਾ (%)</td></tr>
<tr><td></td><td></td><td></td><td></td><td></td><td></td></tr>
<tr><td>11</td><td colspan="4">ਕਿ ਪੰਜਾਬੀ ਪੜ-ਲਿਖ ਸਕਦਾ ਹੈ? (ਹਾਂ/ਨਹੀਂ)</td><td colspan="2"></td></tr>
<tr><td>12</td><td colspan="4">ਤਜਰਬੇ ਸਬੰਧੀ ਵੇਰਵਾ:-<br>1. ਕਿਸੇ ਸਰਕਾਰੀ ਜਾਂ ਅਰਧ ਸਰਕਾਰੀ ਵਿਭਾਗ ਜਾਂ ਸਥਾਨਕ ਸੰਸਥਾ ਵਿੱਚ ਸਫਾਈ ਸੇਵਕ ਦੇ ਤਜਰਬੇ ਦੇ ਸਰਟੀਫਿਕੇਟ ਦੀ ਸਵੈ ਤਸਦੀਕ ਕਾਪੀ।<br>2. ਈ.ਪੀ.ਐਫ. ਨੰਬਰ (ਜੇਕਰ ਹੈ ਤਾਂ)<br>3. ਸੈਲਰੀ ਅਕਾਉਂਟ (ਬੈਂਕ ਡਿਟੇਲ)<br>ਨੋਟ:- ਤਜਰਬਾ ਕਮਿਸ਼ਨਰ/ਕਾਰਜ ਸਾਧਕ ਅਫਸਰ/ਸੰਸਥਾ ਦੇ ਮੁੱਖੀ ਵੱਲੋਂ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕੀਤਾ ਜਾਵੇਗਾ।</td><td colspan="2"></td></tr>
<tr><td>13</td><td colspan="4">ਫੌਜਦਾਰੀ ਕੇਸ ਨਾ ਚੱਲਣ ਸਬੰਧੀ ਸਵੈ ਘੋਸ਼ਣਾ ਨੱਥੀ ਕਰੋ।</td><td colspan="2"></td></tr>
</table>

## ਸਵੈ ਘੋਸ਼ਣਾ

ਮੈ ................................ ਪੁੱਤਰ/ਪੁੱਤਰੀ/ਪਤਨੀ ................................ ਉਮਰ ..................... ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ ਪੱਕਾ ਵਸਨੀਕ ਹੈ। ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ ਨਹੀ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ। ਇਨ੍ਹਾਂ ਵਿੱਚ ਮੈਂ ਕੋਈ ਤੱਥ ਲੁਕਾਇਆ ਨਹੀ ਹੈ। ਜੇਕਰ ਮੇਰੇ ਵੱਲੋਂ ਦਿੱਤੀ ਸੂਚਨਾ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ ਹੋਵੇਗੀ।

ਨੱਥੀ:- ਉਕਤ ਅਨੁਸਾਰ ਦਸਤਾਵੇਜ

ਮਿਤੀ:- ............................

ਸਥਾਨ:- ............................

ਉਮੀਦਵਾਰ ਦੇ ਹਸਤਾਖਰ

ਸਹੀ/-
ਚੇਅਰਮੈਨ, ਸਿਲੈਕਸ਼ਨ ਕਮੇਟੀ –ਕਮ-
ਪ੍ਰਸ਼ਾਸਕ,
ਨਗਰ ਕੌਂਸਲ ਮੋਰਿੰਡਾ।

ਸਹੀ/-
ਮੈਂਬਰ, ਸਿਲੈਕਸ਼ਨ ਕਮੇਟੀ –ਕਮ-
ਕਾਰਜ ਸਾਧਕ ਅਫਸਰ,
ਨਗਰ ਕੌਂਸਲ ਮੋਰਿੰਡਾ।

Scanned with CamScanner